# ਖਾਲਸਾ ਧਾਰਮਿਕ ਸਭਾ

18 ਨਿਵਨ ਰੋਡ, ਸਿੰਘਾਪੁਰ 228365

ਟੈਲੀਫੋਨ : +65 6338 0731 ਫੈਕਸ : +65 6339 3060


ਪਿਆਰੀ ਸਾਧ ਸੰਗਤ ਜੀ । 24 ਅਗਸਤ 2020

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ !

ਭਾਵੇਂ ਸਾਨੂੰ ਖਾਲਸਾ ਧਾਰਮਿਕ ਸਭਾ ਵਿੱਚ ਸੰਗਤਾਂ ਨੂੰ ਦੁਬਾਰਾ ਇਕੱਠੇ ਹੋ ਕੇ ਸੇਵਾ ਅਤੇ ਪਾਠ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ ਫਿਰ ਵੀ ਉੱਥੇ ਮੌਜੂਦ ਸੰਗਤ ਨਾਲ ਕੀਰਤਨ ਕਰਨ ਦੀ ਅਜੇ ਅਗਿਆ ਨਹੀਂ ਦਿੱਤੀ ਗਈ ਹੈ । ਅਸੀਂ ਅਧਿਕਾਰੀਆਂ ਨੂੰ ਸੰਗਤਾਂ ਦੇ ਨਾਲ ਕੀਰਤਨ ਕਰਨ ਲਈ ਕਈ ਤਰੀਕਿਆਂ ਨਾਲ ਲਿਖ ਰਹੇ ਹਾਂ ਪਰ ਸਫਲਤਾ ਨਹੀਂ ਮਿਲੀ । ਅਸੀਂ ਆਸ ਕਰ ਰਹੇ ਸੀ ਕਿ ਸਥਾਨਕ ਕੋਵਿਡ-19 ਦੇ ਮਾਮਲਿਆਂ ਵਿੱਚ ਕਮੀ ਦੇ ਨਾਲ ਸਾਡੇ ਗੁਰਦੁਆਰੇ ਦੇ ਕੰਮਾਂ ਤੇ ਲੱਗੀਆਂ ਪਾਬੰਦੀਆਂ ਖੁੱਲ੍ਹ ਜਾਣਗੀਆਂ । ਅਸੀਂ ਆਪਣੀਆਂ ਸੰਗਤਾਂ ਵਾਸਤੇ ਕੀਰਤਨ ਦੁਬਾਰਾ ਆਰੰਭ ਕਰਨ ਦੇ ਯੋਗ ਹੋਵਾਂਗੇ । 18 ਅਗਸਤ 2020 ਨੂੰ ਜਾਰੀ ਕੀਤੇ ਫੈਸਲੇ ਤੇ ਅਧਾਰ ਤੇ ਮੌਜੂਦ ਸੰਗਤਾਂ ਨਾਲ ਕੀਰਤਨ ਕਰਨ ਦੀ ਅਜੇ ਵੀ ਆਗਿਆ ਨਹੀਂ ਹੈ ਸਿਵਾਏ ਵੱਖਰੇ ਕਮਰੇ ਵਿੱਚ ਹੀ ਕੀਤਾ ਜਾਵੇ ।

ਇਸ ਲਈ ਪ੍ਰਬੰਧਕ ਕਮੇਟੀ ਨੇ ਸਟੇਜ ਦੇ ਦੁਆਲੇ ਇੱਕ ਵੱਖਰਾ ਕਮਰਾ ਬਣਾਉਣ ਦਾ ਫੈਸਲਾ ਲਿਆ ਹੈ ਜਿੱਥੇ ਸਾਡੇ ਰਾਗੀ ਕੀਰਤਨ ਕਰਦੇ ਹਨ । ਅਸੀਂ ਕੰਧਾਂ ਲਈ ਗਲਾਸ ਪੈਨਸ ਦੀ ਵਰਤੋਂ ਕਰਾਂਗੇ ਤਾਂ ਕਿ ਸੰਗਤ ਰਾਗੀਆਂ ਨੂੰ ਕੀਰਤਨ ਕਰਦੇ ਦੇਖ ਸਕਣ । ਅਸੀਂ ਇਹ ਇਸ ਹਫਤੇ ਤੱਕ ਪੂਰਾ ਕਰਨ ਦੀ ਯੋਜਨਾ ਬਣਾਉਂਦੇ ਹਾਂ ਤਾਂ ਜੋ ਅਸੀਂ ਆਪਣੇ ਆਮ ਐਤਵਾਰ ਦੇ ਪ੍ਰੋਗਰਾਮਾਂ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰ ਸਕੀਏ । ਇੱਕ ਵਾਰ ਜਦੋਂ ਕਮਰਾ ਬਣ ਜਾਂਦਾ ਹੈ ਅਤੇ ਐਤਵਾਰ ਦੇ ਪ੍ਰਗਰਾਮਾਂ ਨੂੰ ਦੁਬਾਰਾ ਸ਼ੁਰੂ ਕੀਤਾ ਜਾਂਦਾ ਹੈ ਤਾਂ ਇੱਕ ਸਮੇਂ ਸਿਰਫ 50 ਸਰਧਾਲੂ ਮੌਜੂਦ ਹੋ ਸਕਦੇ ਹਨ । ( ਰਾਗੀਆਂ ਅਤੇ ਸੇਵਾਦਾਰਾਂ ਨੂੰ ਛੱਡ ਕੇ ) ਇਸ ਕਾਰਨ ਸੰਗਤ ਪਹਿਲਾਂ ਵਾਂਗ ਪੂਰੇ ਪ੍ਰੋਗਰਾਮਾਂ ਵਿੱਚ ਨਹੀਂ ਬੈਠ ਸਕੇਗੀ । ਅਸੀਂ ਤੁਹਾਨੂੰ ਸਿਰਫ 15 ਮਿੰਟ ਕੀਰਤਨ ਦਾ ਅਨੰਦ ਲੈਣ ਲਈ ਉਸ਼ਾਹਿਤ ਕਰਦੇ ਹਾਂ ਤਾਂ ਕਿ ਹੋਰ ਸੰਗਤਾਂ ਵੀ ਗੁਰਦੁਆਰੇ ਆ ਸਕਣ । ਅਸੀਂ ਐਤਵਾਰ ਦੇ ਪ੍ਰੋਗਰਾਮਾਂ ਨੂੰ ਲਾਈਵ ਪ੍ਰਸਾਰਿਤ ਵੀ ਕਰਾਂਗੇ ।

ਜਦੋਂ ਐਤਵਾਰ ਦੇ ਪ੍ਰੋਗਰਾਮਾਂ ਦੀ ਸ਼ੁਰੂਆਤ ਹੋਵੇਗੀ ਤਾਂ ਅਸੀਂ ਗੁਰਦੁਆਰੇ ਵਿੱਚ ਸੰਗਤ ਦੀ ਵੱਡੀ ਹਾਜ਼ਰੀ ਦੀ ਉਮੀਦ ਕਰਦੇ ਹਾਂ । ਇਸ ਲਈ ਭੀੜ ਨੂੰ ਰੋਕਣ ਲਈ ਇੱਕ ਸਮੇਂ ਤੇ ਸਿਰਫ 50 ਸਰਧਾਲੂ ਹੋਣਗੇ । ਅਸੀਂ ਨਵੀਆਂ ਤਬਦੀਲੀਆਂ ਵੀ ਕੀਤੀਆਂ ਹਨ ।

(1) ਵਿਅਕਤੀਗਤ ਕਾਰਪੇਟ ਦੇ ਟੁਕੜੇ ਦਰਬਾਰ ਹਾਲ ਵਿੱਚ ਰੱਖੇ ਗਏ ਹਨ । ਪਿਛਲੇ ਬੈਂਚਾਂ ਨੂੰ ਵੀ ਨਿਸ਼ਾਨ ਲਾਵੇ ਗਿਈ ਹੈ । ਇਹ ਤੁਹਾਡੇ ਲਈ ਵਧੀਆ ਦ੍ਰਿਸ਼ਟੀਕੋਣ ਹਨ ਤਾਂ ਕਿ ਤੁਸੀਂ ਦਰਬਾਰ ਹਾਲ ਵਿੱਚ ਉਪਲਬ ਸਮਰਥਾ ਨੂੰ ਜਾਣ ਸਕੋ । ਜੇ ਤੁਸੀਂ ਉਪਲਬਧ ਜਗ੍ਹਾ ਵੇਖਦੇ ਹੋ, ਤੁਸੀਂ ਬੈਠ ਸਕਦੇ ਹੋ । ਨਹੀਂ ਤਾਂ ਕਿਰਪਾ ਕਰਕੇ ਤੁਸੀਂ ਮੱਥਾ ਟੇਕ ਕੇ ਜਾ ਸਕਦੇ ਹੋ ।

(2) ਜੁੱਤੇ ਰੱਖਣ ਵਾਲੀ ਥਾਂ ਨੂੰ ਵੀ ਬਦਲ ਦਿੱਤਾ ਗਿਆ ਹੈ ਅਤੇ ਕਤਾਰ ਸਟੈਂਡ ਲਗਾਏ ਗਏ ਹਨ ਤਾਂ ਕਿ ਭੀੜ ਨੂੰ ਸਭੰਾਲਿਆ ਜਾ ਸਕੇ । ਕਿਰਪਾ ਕਰਕੇ ਇਹਨਾਂ ਕਤਾਰ ਸਟੈਂਡ ਦੀ ਪਾਲਣਾ ਕਰੋ ਅਤੇ ਸੌਖਾ ਰਸਤਾ ਨਾ ਵਰਤਿਓ ਤਾਂ ਕਿ ਸਮਾਜਿਕ ਦੂਰੀ ਹੋ ਸਕੇ ।

(3) ਸਮੇਂ ਦੀ ਬਚਤ ਕਰਨ ਲਈ ਸਾਰੀ ਸੰਗਤ ਲਈ ਇੱਕ ਖੁੱਲਾ ਵਾਈਫਾਈ ਕੁਨੈਕਸ਼ਨ ਉਪਲਬਧ ਹੈ । ਜੇ ਸੰਗਤ ਕੋਲ ਫੋਨ ਡੇਟਾ ਨਹੀਂ ਹੈ ਤਾਂ ਉਹ ਵਾਈਫਾਈ ਨਾਲ ਸੇਫ-ਐਨਟਰੀ ਐਪ ਤੇ ਚੈੱਕ-ਇੰਨ ਕਰ ਸਕਦੇ ਹਨ ਕਿਉਂਕਿ ਫਾਰਮ ਭਰਨ ਤੇ ਬਹੁਤ ਸਮਾਂ ਲੱਗ ਜਾਂਦਾ ਹੈ ।

ਖਾਲਸਾ ਧਾਰਮਿਕ ਸਭਾ
18 ਨਿਵਨ ਰੋਡ, ਸਿੰਘਾਪੁਰ 228365
ਟੈਲੀਫੋਨ : +65 6338 0731 ਫੈਕਸ : +65 6339 3060

(4) ਬਿਹਤਰ ਪ੍ਰਵਾਹ ਨੂੰ ਸਮਰੱਥ ਬਣਾਉਣ ਲਈ, ਤਾਪਮਾਨ ਲੈਣ ਅਤੇ ਮੈਨੁਅਲ ਚੈਕ-ਇਨ ਖੇਤਰ ਨੂੰ ਦੇਗ ਖੇਤਰ ਤੋਂ ਵੱਖ ਕਰ ਦਿੱਤਾ ਗਿਆ ਹੈ ।

(5) ਪ੍ਰਵਾਹ, ਚੈੱਕ-ਇੰਨ ਅਤੇ ਦਰਬਾਰ ਹਾਲ ਵਿੱਚ ਭੀੜ ਨੂੰ ਵੇਖਣ ਲਈ ਸੇਵਾਦਾਰ ਵੱਖ ਵੱਖ ਥਾਵਾਂ ਤੇ ਮੌਜੂਦ ਹੋਣਗੇ । ਕਿਰਪਾ ਕਰਕੇ ਉਹਨਾਂ ਨੂੰ ਆਪਣਾ ਪੂਰਾ ਸਹਿਯੋਗ ਦੇਣਾ । ਭੀੜ ਵਾਲੇ ਸਮੇਂ, ਪ੍ਰੋਗਰਾਮਾਂ ਵਾਲੇ ਦਿਨ ਆਮ ਤੌਰ ਤੇ ਸਵੇਰੇ 9 ਵਜੇ ਤੋਂ ਦੁਪਹਿਰ ਦੇ 1 ਵਜੇ ਤੱਕ ਸਾਨੂੰ ਭੀੜ ਦਾ ਪ੍ਰਬੰਧਨ ਕਰਨ ਲਈ ਇੱਕ ਸਮੇਂ ਤੇ 8 ਸੇਵਾਦਾਰਾਂ ਦੀ ਜ਼ਰੂਰਤ ਹੋਵੇਗੀ । ਮਦਦਗਾਰਾਂ ਦੀ ਵੀ ਜ਼ਰੂਰਤ ਹੋਵੇਗੀ । ਜੇ ਤੁਸੀਂ ਸਹਿਮਤ ਹੋ ਤਾਂ ਕਿਰਪਾ ਕਰਕੇ ਸਾਡੇ ਸੈਕਟਰੀ ਜਾਂ ਗਿਆਨੀ ਜੀ ਨਾਲ ਸੰਪਰਕ ਕਰੋ।

ਸੁਰੱਖਿਅਤ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਐਲਾਨੀਆਂ ਸਾਰੀਆਂ ਪਾਬੰਦੀਆਂ/ ਉਪਾਅ ਲਾਗੂ ਰਹਿਣਗੇ । ਮੈਂ ਹੇਠ ਲਿਖੀਆਂ ਨੂੰ ਦੁਹਰਾਉਣਾ ਚਾਹੁੰਦਾ ਹਾਂ :

(1) ਮੌਜੂਦ ਸਾਰੇ ਵਿਅਕਤੀਆਂ ਨੁ ਹਰ ਵੇਲੇ ਮਾਸਕ ਪਹਿਨਣਾ ਚਾਹੀਦਾ ਹੈ ।

(2) ਸੰਗਤ ਵਿੱਚ ਹਰ ਇੱਕ ਪਾਠ ਸੇਵਾ ਤੋਂ ਪਹਿਲਾਂ, ਦੌਰਾਨ ਜਾਂ ਬਾਅਦ ਵਿੱਚ ਕੋਈ ਮੇਲ ਨਹੀਂ ਹੋਣਾ ਚਾਹੀਦਾ । ਸੰਗਤ ਪਾਠ ਤੋਂ ਬਾਅਦ ਤੁਰੰਤ ਰਵਾਨਾ ਹੋਵੇਗੀ ।

(3) ਸਾਂਝੀਆਂ ਚੀਜ਼ਾਂ ਜਿਵੇਂ ਗੁਟਕਾ ਸਾਹਿਬ ਨੂੰ ਸਾਂਝਾ ਨਹੀਂ ਕਰਨਾ ਚਾਹੀਦਾ ਕਿਉਂਕਿ ਕੋਵਿਡ–19 ਵਿੱਚ ਵਾਧਾ ਹੋ ਸਕਦਾ ਹੈ। ਸੰਗਤ ਨੂੰ ਆਪਣਾ ਗੁਟਕਾ ਲਿਆਉਣ ਦੀ ਸਲਾਹ ਦਿੱਤੀ ਜਾਂਦੀ ਹੈ ।

(4) ਇੱਥੇ ਆਉਣ ਵਾਲੀ ਸੰਗਤ ਲਈ ਅਜੇ ਵੀ ਲੰਗਰ ਦੀ ਰਸਮ ਨਹੀਂ ਹੋਵੇਗੀ । ਲੰਗਰ ਬੰਦ ਡੱਬੇ ਵਿੱਚ ਘਰ ਲੈ ਕੇ ਜਾ ਸਕਦੇ ਹਨ । ਲੰਗਰ ਦੀ ਤਿਆਰੀ ਹੇਠ ਦਿੱਤੇ ਸਮੇਂ ਅਨੁਸਾਰ ਹੋਵੇਗੀ
0700-0900, 1130-1310, 1900-2000

ਜਿਵੇਂ ਕਿ ਅਸੀਂ ਇਕੱਠੇ ਹੋ ਕੇ ਕੀਰਤਨ ਦਾ ਅਨੰਦ ਲੈਣ ਲਈ ਖੁੱਲ੍ਹਦੇ ਹਾਂ, ਇਹ ਜ਼ਰੂਰੀ ਹੈ ਕਿ ਅਸੀਂ ਸਾਰੇ ਆਪਣੀ ਹਾਜ਼ਰੀ ਵਿੱਚ ਮੌਜੂਦ ਹਰੇਕ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਭੂਮਿਕਾ ਨਿਭਾ ਸਕੀਏ । ਇਹ ਜ਼ਰੂਰੀ ਹੈ ਕਿ ਅਸੀਂ ਸਾਰੇ ਨਿਯਮਾਂ ਦੀ ਪਾਲਣਾ ਕਰੀਏ । ਜੇ ਤੁਸੀਂ ਸੁਧਾਰ ਦੇ ਖੇਤਰਾਂ ਨੂੰ ਵੇਖਦੇ ਹੋ ਤਾਂ ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਦੱਸਣਾ । ਅਸੀਂ ਇਸ ਮੁੱਦੇ ਤੇ ਧਿਆਨ ਦੇਵਾਂਗੇ । ਜੇ ਤੁਸੀਂ ਅਜਿਹੀਆਂ ਗਤੀਵਿਧੀਆਂ ਹੁੰਦੀਆਂ ਵੇਖਦੇ ਹੋ ਜੋ ਨਿਯਮਾਂ ਦੇ ਉਲਟ ਹਨ ਤਾਂ ਪ੍ਰਬੰਧਕ ਕਮੇਟੀ ਨੂੰ ਸਿਰਫ ਸ਼ਕਾਇਤ ਕਰਨ ਦੀ ਬਜਾਏ ਇਸ ਵਿੱਚ ਸ਼ਾਮਿਲ ਵਿਅਕਤੀਆਂ ਨੂੰ ਸੂਚਤ ਕਰੋ । ਕਈ ਵਾਰ ਇਹ ਸਿਰਫ ਇੱਕ ਸਧਾਰਣ ਗਲਤੀ ਹੁੰਦੀ ਹੈ, ਜੋ ਕਿ ਇਕ ਵਾਰ ਉਭਾਰਿਆ ਗਿਆ, ਸ਼ਾਮਲ ਵਿਅਕਤੀ ਇਸਨੂੰ ਤੁਰੰਤ ਠੀਕ ਕਰ ਦੇਵੇਗਾ । ਬਦਕਿਸਮਤੀ ਨਾਲ ਅਸੀਂ ਉਹਨਾਂ ਲੋਕਾਂ ਦੀ ਮੌਜੂਦਗੀ ਨੂੰ ਦੇਖਿਆ ਹੈ ਜੋ ਸਕਾਇਤ ਕਰਨ ਦੇ ਕਾਰਨਾਂ ਦੀ ਭਾਲ ਕਰ ਰਹੇ ਹਨ ਅਤੇ ਇੱਥੇ ਤੱਕ ਕਿ ਗੁਰਦੁਆਰੇ ਨੂੰ ਬੰਦ ਕਰਨ ਦੇ ਕਾਰਨ ਵੀ ਬਣ ਰਹੇ ਹਨ । ਆਓ ਉਹਨਾਂ ਨੂੰ ਅਜਿਹਾ ਕਰਨ ਦਾ ਕਾਰਨ ਨਾ ਦੇਈਏ ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ !

ਸਰਬਜੀਤ ਸਿੰਘ
ਖਾਲਸਾ ਧਾਰਮਿਕ ਸਭਾ ਦੇ ਪ੍ਰਧਾਨ